## ਲੋਕਾਂ ਨੂੰ ਅਧਾਰ ਕਾਰਡ ਬਾਰੇ ਜਾਗਰੂਕ ਕੀਤਾ

# ਵੇਦਾਂਤਾ ਗਰੁੱਪ ਨੇ ਬਣਵਾਏ 931 ਵਿਅਕਤੀਆਂ ਦੇ ਆਧਾਰ ਕਾਰਡ

ਸੁਰਿੰਦਰ ਲਾਲੀ, ਮਾਨਸਾ

**ਪਿੰਡ ਬਣਾਂਵਾਲੀ** ਵਿਖੇ ਉਤਰੀ ਭਾਰਤ ਦੇ ਪ੍ਰਾਈਵੇਟ ਭਾਈਵਾਲੀ ਤਹਿਤ ਲੱਗ ਰਹੇ ਥਰਮਲ ਪਲਾਂਟ ਤਲਵੰਡੀ ਸਾਬੋ ਪਾਵਰ ਲਿਮਟਿਡ ਦੇ ਸਮੂਹ ਅਧਿਕਾਰੀਆਂ, ਕਰਮਚਾਰੀਆਂ ਤੇ ਮਜ਼ਦੂਰਾਂ ਸਮੇਤ ਉਨ੍ਹਾਂ ਦੇ ਪਰਿਵਾਰਾਂ ਦੇ ਅਧਾਰ ਕਾਰਡ ਡਿਪਟੀ ਕਮਿਸ਼ਨਰ ਅਮਿਤ ਢਾਕਾ ਦੇ ਆਦੇਸ਼ਾਂ ਅਨੁਸਾਰ ਬਣਾਏ ਗਏ। ਇਸ ਤੋਂ ਪਹਿਲਾਂ ਥਰਮਲ ਪਲਾਂਟ ਲਗਾ ਰਹੀ ਵੇਦਾਂਤਾ ਕੰਪਨੀ ਦੇ ਸਥਾਨਕ ਅਧਿਕਾਰੀਆਂ ਵਲੋਂ ਡਿਪਟੀ ਕਮਿਸ਼ਨਰ ਮਾਨਸਾ ਨੂੰ ਇਹ ਅਧਾਰ ਕਾਰਡ ਬਣਾਉਣ ਲਈ ਕਿਹਾ ਗਿਆ ਸੀ।

ਡਿਪਟੀ ਕਮਿਸ਼ਨਰ ਅਮਿਤ ਢਾਕਾ ਨੇ ਅਧਾਰ ਕਾਰਡ ਦੀ ਮਹੱਤਤਾ ਨੂੰ ਸਮਝਦਿਆਂ ਤੁਰੰਤ ਇਨ੍ਹਾਂ ਬਣਾਉਣ ਲਈ ਬਣਾਂਵਾਲਾ ਵਿਖੇ ਬਕਾਇਦਾ ਰੂਪ 'ਚ ਦਸ ਦਿਨਾਂ ਕੈਂਪ ਲਾਕੇ ਸਭ ਅਧਿਕਾਰੀਆਂ, ਕਰਮਚਾਰੀਆਂ ਤੇ ਮਜ਼ਦੂਰਾਂ ਦੇ ਪਰਿਵਾਰਾਂ ਦੇ ਕਾਰਡ ਬਣਾਉਣ ਲਈ ਫੂਡ ਸਪਲਾਈ ਵਿਭਾਗ ਨੂੰ ਵਿਸ਼ੇਸ਼ ਆਦੇਸ਼ ਦਿੱਤੇ ਗਏ।

ਇਸ ਦਸ ਦਿਨਾਂ ਕੈਂਪ ਦਾ ਉਦਘਾਟਨ ਕਰਦਿਆਂ ਵੇਦਾਂਤਾ ਕੰਪਨੀ ਦੇ ਚੀਫ਼ ਅਪਰੇਟਿੰਗ ਅਫ਼ਸਰ ਫਲਿੱਪ ਚਾਕੋ ਨੇ ਕਿਹਾ ਕਿ ਕੰਪਨੀ ਵਲੋਂ ਮਜ਼ਦੂਰਾਂ ਤੇ ਮੁਲਾਜ਼ਮਾਂ ਦੇ ਹਰ ਕਿਸਮ ਵਾਲੇ ਹਿੱਤਾਂ ਦਾ ਸਮੇਂ-ਸਮੇਂ ਸਿਰ ਖਿਆਲ ਰੱਖਿਆ ਜਾਂਦਾ ਹੈ, ਜਿਸ ਤਹਿਤ ਹਰ ਹਫਤੇ ਸਾਰਿਆਂ ਦਾ ਮੈਡੀਕਲ ਟੈਸਟ ਕਰਵਾਕੇ ਮੁਫਤ ਦਵਾਈਆਂ ਦਿੱਤੀਆਂ ਹਨ ਤੇ ਕਲੋਨੀਆਂ 'ਚ ਫੈਲਣ ਵਾਲੀਆਂ ਮੌਸਮੀ ਬਿਮਾਰੀਆਂ ਤੋਂ ਬਚਾਅ ਲਈ ਬਕਾਇਦਾ ਰੂਪ 'ਚ ਦਵਾਈਆਂ ਦਾ ਛਿੜਕਾਅ ਕਰਵਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਕੰਪਨੀ ਵਲੋਂ ਇਲਾਕੇ ਦੇ ਵਿਦਿਆਰਥੀਆਂ ਲਈ ਬਕਾਇਦਾ ਰੂਪ 'ਚ ਕੌਂਸਲਿੰਗ ਕਰਵਾਕੇ ਉਨ੍ਹਾਂ ਨੂੰ ਰੁਜ਼ਗਾਰ ਪ੍ਰਾਪਤੀ ਲਈ ਇਕ ਵਿਸ਼ੇਸ਼ ਟ੍ਰੇਨਿੰਗ ਵੀ ਦਿੱਤੀ ਜਾ ਰਹੀ ਹੈ। ਅਧਾਰ ਕਾਰਡ ਬਣਾਉਣ ਵਾਲੀ ਸਪੋਂਨਕੋ ਕੰਪਨੀ ਦੇ ਇਕ ਅਧਿਕਾਰੀ ਨੇ ਕੈਂਪ ਦੌਰਾਨ ਜੁੜੇ ਲੋਕਾਂ ਨੂੰ ਅਧਾਰ ਕਾਰਡ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਇਹ ਰਾਸ਼ਨ ਕਾਰਡ ਨਾਲੋਂ ਵਿਭਿੰਨ ਹੈ, ਕਿਉਂਕਿ ਰਾਸ਼ਨ ਕਾਰਡ 'ਚ ਪਰਿਵਾਰ ਦੇ ਸਮੂਹ ਮੈਂਬਰ ਸ਼ਾਮਲ ਹੁੰਦੇ ਹਨ, ਜਦੋਂ ਕਿ ਅਧਾਰ ਕਾਰਡ 'ਚ ਹਰੇਕ ਮੈਂਬਰਾਂ ਦਾ ਵੱਖਰਾ-ਵੱਖਰਾ ਕਾਰਡ ਬਣਦਾ ਹੈ। ਉਨ੍ਹਾਂ ਕਿਹਾ ਕਿ 12 ਅੰਕਾਂ ਦਾ ਇਕ ਯੂਨੀਕ ਨੰਬਰ ਵੀ ਹੁੰਦਾ ਹੈ, ਜਿਸ 'ਚ ਵਿਅਕਤੀ ਦੇ ਦੋਵੇਂ ਹੱਥਾਂ ਦੀਆਂ ਉਂਗਲੀਆਂ ਦੇ ਨਿਸ਼ਾਨ ਤੇ ਅੱਖਾਂ ਦੀਆਂ ਪੁਤਲੀਆਂ ਦੀ ਸਕੈਨਿੰਗ ਕੀਤੀ ਜਾਂਦੀ ਹੈ, ਜੋ ਦੁਨੀਆਂ ਦੇ ਹਰੇਕ ਵਿਅਕਤੀ ਦੀਆਂ ਵੱਖੋ-ਵੱਖਰੀਆਂ ਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਜੇ ਕਿਸੇ ਕਾਰਨ ਨਾਮ ਜਾਂ ਪਤਾ ਗਲਤ ਲਿਖਿਆ ਜਾਂਦਾ ਹੈ ਤਾਂ 96 ਘੰਟਿਆਂ ਦੇ ਅੰਦਰ-ਅੰਦਰ ਇਸ ਦੀ ਦਰੁੱਸਤੀ ਕਰਵਾਈ ਜਾ ਸਕਦੀ ਹੈ। ਵੇਦਾਂਤਾ ਕੰਪਨੀ ਦੇ ਅਧਿਕਾਰੀ ਕਮਾਂਡਰ ਪੀ.ਸੀ ਦਾਸ ਨੇ ਕਿਹਾ ਕਿ ਇਸ ਆਧਾਰ ਕਾਰਡ ਰਾਹੀ ਹੀ ਬੈਂਕ ਖਾਤਾ ਖੁੱਲ੍ਹਵਾਉਣ ਲਈ, ਬੈਂਕ ਤੋਂ ਕਰਜ਼ਾ ਲੈਣ ਲਈ, ਨਵੀਂ ਗੈਸ ਕੁਨੈਕਸ਼ਨ ਲੈਂਣ ਲਈ, ਨਵਾਂ ਮੋਬਾਇਲ ਨੰਬਰ ਲੈਣ ਲਈ ਜਾਂ ਕਿਸੇ ਹੋਟਲ ਵਿੱਚ ਕਮਰਾ ਬੁੱਕ ਕਰਵਾਉਣ ਲਈ ਇਹ ਕਾਰਡ ਵੱਡਮੁੱਲਾ ਸਾਬਤ ਹੋਵੇਗਾ। ਇਸ ਕੈਂਪ ਦੌਰਾਨ 931 ਵਿਅਕਤੀਆਂ ਦੇ ਅਧਾਰ ਕਾਰਡ ਬਣਾਏ ਗਏ ਹਨ।



ਥਰਮਲ ਪਲਾਂਟ ਤਲਵੰਡੀ ਸਾਬੋ ਵਿਖੇ ਆਧਾਰ ਕਾਰਡ ਬਣਾਉਂਦੇ ਹੋਏ ਕੰਪਨੀ ਦੇ ਅਧਿਕਾਰੀ ਤੇ ਕਰਮਚਾਰੀ।

### ਸਲਾਘਾਯੋਗ

- ਅਧਾਰ ਕਾਰਡ 'ਚ ਗਲਤੀ 96 ਘੰਟਿਆਂ ਦੇ ਅੰਦਰ ਅੰਦਰ ਠੀਕ ਕਰਵਾਈ ਜਾਵੇ